# ਸਿੱਖ ਬੱਚਿਆਂ ਦੀ ਪਰਵਰਿਸ਼ ਦੇ ਮਸਲੇ – ਇੱਕ ਦ੍ਰਿਸ਼ਟੀਕੋਣ

**ਬਲਦੇਵ ਮੁੱਟਾ**

**ਸਤੰਬਰ 1, 2000**

ਗੁਰੂ ਦੀ ਹਜ਼ੂਰੀ ਵਿੱਚ ਬੈਠੀ ਸਾਧ ਸੰਗਤ
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ

1. ਸਭ ਤੋਂ ਅਹਿਮ ਮਸਲਾ ਪੰਜਾਬੀ ਕਮਿਊਨਿਟੀ ਵਾਸਤੇ ਇਹ ਹੈ ਕਿ ਕੀ ਆਪਾਂ ਆਪਣੇ ਬੱਚਿਆਂ ਨੂੰ ਉਹ ਕਦਰਾਂ ਕੀਮਤਾਂ ਨਾਲ ਜੋੜ ਸਕਦੇ ਹਾਂ ਜਿਸ ਨਾਲ ਆਪਣੀ 'ਹੋਂਦ' ਕਾਇਮ ਰਹਿ ਸਕੇ। 'ਹੋਂਦ' ਨੂੰ ਬਰਕਰਾਰ ਰੱਖਣ ਵਾਸਤੇ ਤਿੰਨ ਚੀਜ਼ਾਂ ਜ਼ਰੂਰੀ ਹਨ:
   1. ਧਾਰਮਿਕ ਕਦਰਾਂ ਕੀਮਤਾਂ
   2. ਸਭਿਆਚਾਰਕ ਕਦਰਾਂ ਕੀਮਤਾਂ
   3. ਪਰਿਵਾਰਿਕ ਕਦਰਾਂ ਕੀਮਤਾਂ

2. ਇਹ ਕਦਰਾਂ ਕੀਮਤਾਂ ਕਿਵੇਂ ਦਿੱਤੀਆਂ ਜਾਣ। 1940 ਵਿੱਚ 90% ਕਦਰਾਂ ਕੀਮਤਾਂ ਮਾਪੇ ਆਪਣੇ ਬੱਚਿਆਂ ਨੂੰ ਆਪ ਦਿੰਦੇ ਸਨ ਪਰ ਹੁਣ ਮਾਪੇ ਸਿਰਫ 10% ਕਦਰਾਂ ਕੀਮਤਾਂ ਹੀ ਦੇ ਰਹੇ ਹਨ। ਬੱਚੇ ਕਦਰਾਂ ਕੀਮਤਾਂ ਟੈਲੀਵੀਜ਼ਨ, ਦੋਸਤਾਂ, ਵੀਡੀਓ, ਸਕੂਲ, ਅਤੇ 'ਨਿਨਟੈਂਡੋ ਗੇਮਜ਼' ਤੋਂ ਸਿੱਖ ਰਹੇ ਹਨ। ਵਿਦਵਾਨਾਂ ਨੇ ਇਹ ਵੀ ਦੱਸਿਆ ਹੈ ਕਿ 5 ਸਾਲ ਤਕ ਬੱਚਾ 70% ਕਦਰਾਂ ਕੀਮਤਾਂ ਸਿੱਖ ਚੁੱਕਿਆ ਹੁੰਦਾ ਹੈ।

3. ਕਦਰਾਂ ਕੀਮਤਾਂ ਦੇਣ ਵਾਸਤੇ ਇਹ ਜ਼ਰੂਰੀ ਹੈ ਕਿ:
   - ਘਰ ਵਿੱਚ ਲਾਇਬ੍ਰੇਰੀ ਹੋਵੇ
   - ਹਰ ਰੋਜ਼ ਰਾਤ ਨੂੰ ਬੱਚੇ ਨੂੰ 'ਬਾਤਾਂ' ਜ਼ਰੂਰ ਸੁਣਾਓ
   - ਆਪਣੇ ਵਿਰਸੇ ਪ੍ਰਤੀ ਜਾਣੂ ਕਰਵਾਓ
   - 

4. ਧਰਮ ਅਤੇ ਸਭਿਆਚਾਰ ਵਿਚਲੇ ਅੰਤਰ ਨੂੰ ਚੰਗੀ ਤਰ੍ਹਾਂ ਸਮਝੋ।
   - ਸਿੱਖ ਧਰਮ'ਚ ਕੋਈ ਜਾਤ-ਪਾਤ ਨਹੀਂ ਪਰ ਵਿਆਹ ਵੇਲੇ ਜਾਤ-ਪਾਤ ਦਾ ਰੋਲਾ ਪੈਂਦਾ ਹੀ ਪੈਂਦਾ ਹੈ
   - ਵਿਦਵਾਨਾਂ ਦਾ ਕਹਿਣਾ ਹੈ ਕਿ ਲੋਕਾਂ ਦੇ ਮਨਾਂ ਵਿੱਚ ਸਭਿਆਚਾਰ ਧਰਮ ਨਾਲੋਂ ਜ਼ਿਆਦਾ ਘਰ ਕੀਤਾ ਹੋਇਆ ਹੈ
   - ਧਰਮ ਅਤੇ ਸਭਿਆਚਾਰ ਬਾਰੇ ਬੱਚੇ ਨੂੰ ਅੱਛੀ ਤਰਾਂ ਸਮਝਾਓ।
   - ਪੰਜਾਬੀ ਸਿੱਖਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਬੱਚੇ ਨੂੰ ਪਤਾ ਹੋਵੇ ਕਿ ਉਸਨੇ ਪੰਜਾਬੀ ਸਿੱਖਣੀ ਕਿਉਂ ਹੈ। ਜਿਸ ਬੱਚੇ ਨੂੰ ਇਹ ਪਤਾ ਚੱਲ ਜਾਏ ਕਿ ਉਸਨੇ ਜ਼ੁਬਾਨ ਕਿਉਂ ਸਿੱਖਣੀ ਹੈ ਉਸਨੂੰ ਬਾਰ ਬਾਰ ਕਹਿਣ ਦੀ ਜ਼ਰੂਰਤ ਨਹੀਂ ਪੈਂਦੀ ਕਿ 'ਪੰਜਾਬੀ ਸਕੂਲ ਜਾਓ'।
   - ਕੀ ਬੱਚਾ ਆਪਣੀ ਰੋਟੀ ਖਾਣਾ, ਕਪੜੇ ਪਾਉਣਾ, ਪੰਜਾਬੀ ਵਿੱਚ ਗੱਲ ਕਰਨਾ, ਆਪਣੇ ਦਾਦਾ ਦਾਦੀ ਅਤੇ ਨਾਨਾ ਨਾਨੀ ਨਾਲ ਬਾਹਰ ਜਾਣਾ, ਪਸੰਦ ਕਰਦਾ ਹੈ।
   - ਮੁੰਡਿਆਂ ਅਤੇ ਕੁੜੀਆਂ ਵਿੱਚ ਵਿਤਕਰਾ ਕਰਨਾ।
   - ਔਰਤਾਂ ਦੀ ਘਰ ਵਿੱਚ ਕਿੰਨੀ ਕੁ ਇੱਜ਼ਤ ਹੈ।

5. ਬੱਚੇ ਨੂੰ ਬੋਲਣ ਦੇ ਨਾਲ ਨਾਲ 'ਸੁਣਨਾ' ਵੀ ਸਿਖਾਓ
   - ਸੁਣਨ ਵਾਸਤ ਦੋ ਚੀਜ਼ਾਂ ਜ਼ਰੂਰੀ ਹਨ
     - ਕੰਨ, ਅਤੇ
     - ਧਿਆਨ (ਧਿਆਨ ਸਿਖਾਉਣਾ ਪੈਂਦਾ ਹੈ)

6. ਅਨੁਸ਼ਾਸਨ
   - ਕੀ ਬੱਚੇ ਦੇ ਸੋਣ, ਰੋਟੀ ਖਾਣ ਦਾ, ਅਤੇ ਪੜਨ ਦਾ ਸਮਾਂ ਨਿਸਚਤ ਕੀਤਾ ਹੈ
   - ਕੀ ਮਾਂ ਅਤੇ ਪਿਤਾ ਵਿੱਚ ਬੱਚੇ ਨੂੰ ਅਨੁਸ਼ਾਸਨ ਕਰਨ ਪ੍ਰਤੀ ਏਕਤਾ ਹੈ
   - ਕੀ ਮਾਂ ਅਤੇ ਪਿਤਾ ਅਨੁਸ਼ਾਸਨ ਪ੍ਰਤੀ ਇਕਸਾਰਤਾ ਰੱਖਦੇ ਹਨ
   - ਕੀ ਤੁਹਾਨੂੰ 'ਮੋਹ' ਅਤੇ 'ਪਿਆਰ' ਵਿੱਚ ਅੰਤਰ ਪਤਾ ਹੈ
   - ਬੱਚੇ ਤੇ ਕੁੱਝ ਵੀ ਜ਼ਬਰਦਸਤੀ ਲਾਗੂ ਨਾਂ ਕਰੋ
   - ਤੁਸੀਂ ਬੱਚੇ ਨੂੰ ਆਗਿਆਕਾਰੀ ਕਿਸਦਾ ਬਣਾਉਣਾ ਹੈ - ਆਪਣਾ ਕਿ ਗੁਰੂ ਗ੍ਰੰਥ ਸਾਹਿਬ ਦਾ।

7. 60% ਪੜਾਈ ਕਿਤਾਬਾਂ ਨਾਲ ਹੁੰਦੀ ਹੈ। ਬੱਚਿਆਂ ਨੂੰ ਕਿਤਾਬਾਂ ਪੜ੍ਹਨ ਦੀ ਆਦਤ ਪਾਓ। ਘਰ ਵਿੱਚ ਲਾਇਬ੍ਰੇਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਤੁਸੀ ਵੀ ਪੜ੍ਹੋ ਅਤੇ ਤੁਹਾਨੂੰ ਦੇਖ ਕੇ ਬੱਚੇ ਵੀ ਪੜ੍ਹਨਗੇ।

8. ਦਿਮਾਗ ਦੇ ਦੋ ਹਿੱਸੇ ਹਨ। ਆਪਾਂ ਇੱਕ ਹਿੱਸੇ ਨੂੰ ਬਹੁਤ ਜ਼ਿਆਦਾ 'ਡੀਵੈਲਪ' ਕਰ ਲੈਂਦੇ ਹਾਂ - ਇਹ ਹਿੱਸਾ ਹੈ (ਤਰਕ, ਹਿਸਾਬ, ਅਤੇ ਸਾਇੰਸ)। ਦੂਜਾ ਹਿੱਸਾ ਆਪਣਾ ਕਮਜ਼ੋਰ ਰਹਿ ਜਾਂਦਾ ਹੈ - ਉਹ ਹੈ ਭਾਵਨਾਵਾਂ, ਸਬਰ, ਸੰਤੋਖ, ਅਤੇ ਦਯਾ। ਸਿੱਖ ਧਰਮ ਅਨੁਸਾਰ ਆਪਣਾ ਜੀਵਨ ਤਿੰਨ ਪੜਾਵਾਂ ਵਿੱਚੋਂ ਨਿਕਲਦਾ ਹੈ:
   - ਸਰੀਰਕ ਜ਼ਰੂਰਤਾਂ (ਰੋਟੀ, ਕਪੜਾ ਅਤੇ ਮਕਾਨ)
   - ਮਨ ਦੀਆਂ ਜ਼ਰੂਰਤਾਂ (ਸੰਗੀਤ, ਅਤੇ ਕੱਲਾ)
   - ਆਤਮਾ ਦੀ ਜ਼ਰੂਰਤ (ਬੰਦਗੀ ਦੇ ਨਾਲ)

ਬੱਚੇ ਨੂੰ ਸੰਗੀਤ ਅਤੇ ਕਲਾ ਦੋਨੋਂ ਹੀ ਸਿਖਾਓ।

9. ਚੰਗੇ ਮਾਪੇ ਅਤੇ ਜ਼ਿੰਮੇਵਾਰ ਮਾਪੇ
   - ਚੰਗੇ ਮਾਪੇ ਉਹ ਹਨ ਜੋ ਆਪਣੇ ਬੱਚਿਆਂ ਵਾਸਤੇ ਹਰ ਕੰਮ ਆਪ ਕਰਦੇ ਹਨ
   - ਜ਼ਿੰਮੇਵਾਰ ਮਾਪੇ ਉਹ ਹਨ ਜੋ ਆਪਣੇ ਬੱਚਿਆਂ ਨੂੰ ਉਤਸ਼ਾਹਿਤ ਕਰਦੇ ਹਨ ਕਿ ਉਹ ਆਪਣਾ ਕੰਮ ਆਪ ਕਰਨ, ਜਿਸ ਨਾਲ ਬੱਚਿਆਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਹੋਵੇ।

10. ਮਾਪੇ ਬੱਚਿਆਂ ਵਾਸਤੇ ਚੰਗੇ 'ਰੋਲ ਮੋਡਲ' ਬਨਣ
   - ਕੀ ਤੁਸੀਂ ਆਪਣੀਆਂ ਸਮੱਸਿਆਵਾਂ ਬੱਚਿਆਂ ਦੇ ਸਾਹਮਣੇ 'ਡਿਸਕਸ' ਕਰਦੇ ਹੋ।
   - ਕੀ ਤੁਹਾਡੇ ਆਪਣੇ 'ਰਿਲੇਸ਼ਨਸ਼ਿਪ' (ਆਪਸੀ ਸੰਬੰਧਾਂ) ਵਿੱਚ ਹਿੰਸਾ ਹੈ
   - ਕੀ ਤੁਹਾਡੇ ਘਰ ਸ਼ਰਾਬ ਦੀ ਵਰਤੋਂ ਹੁੰਦੀ ਹੈ
   - ਕੀ ਤੁਹਾਡੇ ਘਰ ਵਿੱਚ ਮਾਂ ਦਾ ਸਨਮਾਨ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਸਿਖਾਇਆ ਹੈ
   - ਕੀ ਤੁਹਾਡੇ ਘਰ ਵਿੱਚ ਮੁੰਡੇ ਤੇ ਕੁੜੀ ਵਿੱਚ ਫਰਕ ਸਮਝਿਆ ਜਾਂਦਾ ਹੈ

   ਇਹ ਸਭ ਕੁਝ ਦਾ ਅਸਰ ਬੱਚਿਆਂ ਤੇ ਪਵੇਗਾ।

11. ਸਕੂਲ ਅਤੇ ਮਾਪੇ

- ਅਧਿਆਪਕ ਨਾਲ ਤਾਲਮੇਲ ਰੱਖਣਾ ਬਹੁਤ ਜ਼ਰੂਰੀ ਹੈ
- ਬੱਚੇ ਦੇ ਕੀ 'ਇੰਟੇਰੈਸਟ' ਹਨ, ਕੀ ਰੁਚੀ ਹੈ, ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ
- ਘਰ ਵਿੱਚ ਪੜ੍ਹਾਈ ਦਾ ਮਾਹੌਲ ਬਣਾਉਣਾ ਬਹੁਤ ਜ਼ਰੂਰੀ ਹੈ

12. ਪਰਿਵਾਰ ਦਾ ਮਿਲ-ਬੈਠਣਾ

- ਹਫਤੇ'ਚ ਇਕ ਵਾਰੀ ਸਾਰੇ ਪਰਿਵਾਰ ਦੇ ਮੈਂਬਰ ਬੈਠ ਕੇ ਵਿਚਾਰ ਵਿਟਾਂਦਰਾ ਕਰਨ
- ਜੇ ਹੋ ਸਕੇ ਤਾਂ ਸ਼ਾਮ ਦੀ ਰੋਟੀ ਇਕੱਠੇ ਖਾਣ
- ਮਹੀਨੇ'ਚ ਇਕ ਦਿਨ ਬੱਚਿਆਂ ਦਾ ਹੋਵੇ - ਉਹ ਦਿਨ ਦਾ ਸਾਰਾ ਸਮਾਂ ਅਤੇ ਸਾਰੀਆਂ 'ਐਕਟੀਵੀਟੀਜ਼' ਬੱਚਿਆਂ ਦੀ ਉਮਰ ਮੁਤਾਬਿਕ ਹੋਣ

ਆਖਿਰ ਵਿੱਚ:
ਤੁਸੀਂ ਬੜੇ ਇਤਮਿਨਾਨ (ਧਿਆਨ) ਨਾਲ ਸੁਣਿਆ, ਮੈਂ ਤੁਹਾਡਾ ਤਹਿ ਦਿਲੋਂ ਸ਼ੁਕਰ-ਗੁਜ਼ਾਰ ਹਾਂ। ਮੈਂ ਗੁਰੂਦੁਆਰਾ ਸਾਹਿਬ ਦੀ ਮੈਨੇਜਮੈਂਟ ਕਮੇਟੀ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ। ਤੁਹਾਡੇ ਮਨਾਂ ਵਿੱਚ ਬੈਠੇ ਰੱਬ ਨੂੰ ਮੇਰਾ ਨਮਸਕਾਰ, ਫਿਰ ਮੁਲਾਕਾਤ ਹੋਵੇਗੀ ਤਦ ਤੱਕ ਤੁਹਾਡਾ ਮੇਰਾ ਰੱਬ ਰਾਖਾ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ

ਮੇਰਾ ਟੈਲੀਫੋਨ ਨੰਬਰ ਹੈ:
cell (416) 995-3920
home (905) 451-3920
work (905) 791-7800 x 2604
email: bmutta@home.com